# Punjab Government Gazette

## EXTRAORDINARY

*Published by Authority*

CHANDIGARH, SATURDAY, SEPTEMBER 12, 2026 (BHADRA 21, 1948 SAKA)


**ਪੰਜਾਬ ਸਰਕਾਰ**

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-5 ਸ਼ਾਖਾ)

**ਅਧਿਸੂਚਨਾ**

ਮਿਤੀ 11 ਸਤੰਬਰ, 2026

**ਨੰ.HOME-HM-50LAND/3/2026-4H5/106.-** ਜਦਕਿ ਪੰਜਾਬ ਦੇ ਰਾਜਪਾਲ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਹੇਠਾਂ ਦਿੱਤੇ ਵੇਰਵੇ ਅਨੁਸਾਰ ਵਰਣਿਤ ਭੂਮੀ, ਜੋ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਖ਼ਰਚੇ ਤੇ ਇੱਕ ਲੋਕ ਹਿੱਤ ਦੇ ਉਦੇਸ਼, ਅਰਥਾਤ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ-ਨਾਲ ਪੰਜਾਬ ਵਿੱਚ ਲੈਟਰਲ ਰੋਡ ਪ੍ਰੋਜੈਕਟ ਦੇ ਨਿਰਮਾਣ ਲਈ, ਪਿੰਡ ਢਾਲਾ (181), ਛੀਨਾ ਬਿਧੀ ਚੰਦ (189) ਅਤੇ ਨੌਸ਼ਹਿਰਾ (177), ਜੋ ਕਿ ਸਬ ਡਵੀਜ਼ਨ ਤਰਨ ਤਾਰਨ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਭਾਵਿਤ ਖੇਤਰ ਵਿੱਚ ਸਥਿਤ ਹਨ, ਵਿੱਚ ਲੋੜੀਂਦੀ ਹੈ।

ਉਕਤ ਉਦੇਸ਼ ਦੀ ਪੂਰਤੀ ਲਈ, ਪੰਜਾਬ ਰਾਜ ਵੱਲੋਂ ਉਪਰੋਕਤ ਪਿੰਡਾਂ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਕੁੱਲ 429.6565 ਵਰਗ ਮੀਟਰ ਰਕਬਾ ਭੂਮੀ ਅਧਿਗ੍ਰਹਿਣ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਵਿਸ਼ੇਸ਼ਤਾਵਾਂ**

**ਪਿੰਡ: ਢਾਲਾ (181)**

| ਲੜੀ ਨੰ: | ਜਿਲ੍ਹਾ | ਤਹਿਸੀਲ | ਪਿੰਡ ਦਾ ਨਾਮ | ਖਸਰਾ ਨੰਬਰ | ਨਿੱਜੀ/ ਸਰਕਾਰੀ | ਜਮੀਨ ਦੀ ਕਿਸਮ | ਐਕਵਾਇਰ ਕੀਤਾ ਜਾਣ ਵਾਲਾ ਖੇਤਰ ਵਰਗ ਮੀਟਰ |
|---|---|---|---|---|---|---|---|
| | | | | 207//18 | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | 27.6376 |
| | | | | 207//18 | ਨਿੱਜੀ | ਨਹਿਰੀ | |
| | | | | //0 | | | 5.4982 |

| | | | | | | | |
|---|---|---|---|---|---|---|---|
| 1 | ਤਰਨ ਤਾਰਨ | ਝਬਾਲ ਕਲਾਂ | ਢਾਲਾ (181) | 153//3/1 | ਨਿੱਜੀ | ਨਹਿਰੀ | 3.9898 |
| | | | | 153//3/2 | ਨਿੱਜੀ | ਨਹਿਰੀ | |
| | | | | 138//23/1 | ਨਿੱਜੀ | ਨਹਿਰੀ | 5.0926 |
| | | | | 138//23/2 | ਨਿੱਜੀ | ਨਹਿਰੀ | |
| | | | | 137//14 | ਨਿੱਜੀ | ਚਾਹੀ | 31.2729 |
| | | | | | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | |
| | | | | 117//14 | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | 39.5936 |
| | | | | | ਨਿੱਜੀ | ਨਹਿਰੀ | |
| | | | | 117//14/2 | ਨਿੱਜੀ | ਗੈਰ ਮੁੰਮਕਿੰਨ | |
| | | | | 117//14/3 | ਨਿੱਜੀ | ਗੈਰ ਮੁੰਮਕਿੰਨ | |
| | | | | 117//15 | ਨਿੱਜੀ | ਨਹਿਰੀ | 186.28 |
| | | | | | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | |
| | | | | 117//15/2 | ਨਿੱਜੀ | ਗੈਰ ਮੁੰਮਕਿੰਨ | |
| | | | | 117//7/1 | ਨਿੱਜੀ | ਨਹਿਰੀ | 3.5782 |
| | | | | 117//7/2 | ਨਿੱਜੀ | ਨਹਿਰੀ | |
| | | | | ਕੁੱਲ | | | **302.9429** |

ਪਿੰਡ: **ਛੀਨਾ ਬਿੱਧੀ ਚੰਦ (189)**

| ਲੜੀ ਨੰ: | ਜਿਲ੍ਹਾ | ਤਹਿਸੀਲ | ਪਿੰਡ ਦਾ ਨਾਮ | ਖਸਰਾ ਨੰਬਰ | ਨਿੱਜੀ/ ਸਰਕਾਰੀ | ਜਮੀਨ ਦੀ ਕਿਸਮ | ਐਕਵਾਇਰ ਕੀਤਾ ਜਾਣ ਵਾਲਾ ਖੇਤਰ ਵਰਗ ਮੀਟਰ |
|---|---|---|---|---|---|---|---|
| 1 | ਤਰਨ ਤਾਰਨ | ਝਬਾਲ ਕਲਾਂ | ਛੀਨਾ ਬਿੱਧੀ ਚੰਦ (189) | 87//3 | ਨਿੱਜੀ | ਨਹਿਰੀ | 4.2640 |
| | | | | 49//3 | ਨਿੱਜੀ | ਨਹਿਰੀ | 16.4280 |
| | | | | 27//8 | ਨਿੱਜੀ | ਨਹਿਰੀ | 21.4033 |
| | | | | | ਨਿੱਜੀ | ਗੈਰ ਮੁੰਮਕਿੰਨ ਤਾਰ | |
| | | | | 27//3 | ਨਿੱਜੀ | ਨਹਿਰੀ | 5.1215 |
| | | | | | ਨਿੱਜੀ | ਗੈਰ ਮੁੰਮਕਿੰਨ ਤਾਰ | |
| | | | | 2//11/1 | ਨਿੱਜੀ | ਨਹਿਰੀ | 0.7078 |
| | | | | 2//11/2 | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | |
| | | | | 2//11/3 | ਨਿੱਜੀ | ਨਹਿਰੀ | |
| | | | | 2//10/1 | ਨਿੱਜੀ | ਨਹਿਰੀ | 58.9850 |
| | | | | 2//10/2 | ਨਿੱਜੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | |
| | | | | 2//10/3 | ਨਿੱਜੀ | ਨਹਿਰੀ | |
| | | | | 2//9/1 | ਨਿੱਜੀ | ਗੈਰ ਮੁੰਮਕਿੰਨ ਚੌਂਕੀ | 4.3294 |
| | | | | 2//9/2 | ਨਿੱਜੀ | ਨਹਿਰੀ | |
| | | | | ਕੁੱਲ | | | **111.2390** |

ਪਿੰਡ: **ਨੋਸ਼ਹਿਰਾ (177)**

| ਲੜੀ ਨੰ: | ਜਿਲ੍ਹਾ | ਤਹਿਸੀਲ | ਪਿੰਡ ਦਾ ਨਾਮ | ਖਸਰਾ ਨੰਬਰ | ਨਿੱਜੀ/ ਸਰਕਾਰੀ | ਜਮੀਨ ਦੀ ਕਿਸਮ | ਐਕਵਾਇਰ ਕੀਤਾ ਜਾਣ ਵਾਲਾ ਖੇਤਰ ਵਰਗ ਮੀਟਰ |
|---|---|---|---|---|---|---|---|
| 1 | ਤਰਨ ਤਾਰਨ | ਝਬਾਲ ਕਲਾਂ | ਨੋਸ਼ਹਿਰਾ (177) | 109//10/1 | ਨਿੱਜੀ | ਚਾਹੀ | 5.4103 |
| | | | | 109//10/2 | ਸਰਕਾਰੀ | ਗੈਰ ਮੁੰਮਕਿੰਨ ਕੰਡਿਆਲੀ ਤਾਰ | |
| | | | | 109//10/3 | ਨਿੱਜੀ | ਚਾਹੀ | |
| | | | | 87//23 | ਨਿੱਜੀ | ਚਾਹੀ | 1.0905 |
| | | | | 87//18/1 | ਨਿੱਜੀ | ਚਾਹੀ | |
| | | | | 87//18/2 | ਨਿੱਜੀ | ਚਾਹੀ | |
| | | | | 87//18/3 | ਨਿੱਜੀ | ਚਾਹੀ | 8.9738 |
| | | | | ਕੁੱਲ | | | **15.4746** |

ਜਦਕਿ ਉਪਰੋਕਤ ਉਦੇਸ਼ ਲਈ ਪਿੰਡ ਢਾਲਾ (181), ਛੀਨਾ ਬਿਧੀ ਚੰਦ (189), ਨੌਸ਼ਹਿਰਾ (177), ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ ਵੱਲੋਂ ਸਮਾਜਿਕ ਪ੍ਰਭਾਵ ਮੁਲਾਂਕਣ (Social Impact Assessment) ਅਧਿਐਨ ਕੀਤਾ ਜਾਣਾ ਹੈ। ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ ਕਰਨ ਦਾ ਮੁੱਖ ਉਦੇਸ਼ ਪ੍ਰੋਜੈਕਟ ਖੇਤਰ ਦੇ ਸਮਾਜਿਕ-ਆਰਥਿਕ ਸੂਚਕਾਂ ਦਾ ਮੁਲਾਂਕਣ ਕਰਨਾ ਅਤੇ ਹੇਠ ਲਿਖੇ ਅਨੁਸਾਰ ਇੱਕ ਸਮਾਜਿਕ ਪ੍ਰਭਾਵ ਪ੍ਰਬੰਧਨ ਯੋਜਨਾ (Social Impact Management Plan - SIMP) ਤਿਆਰ ਕਰਨਾ ਹੈ:-

(i) ਇਹ ਮੁਲਾਂਕਣ ਕਰਨਾ ਕਿ ਪ੍ਰਸਤਾਵਿਤ ਭੂਮੀ ਅਧਿਗ੍ਰਹਿਣ ਲੋਕ ਹਿੱਤ (Public Purpose) ਦੀ ਪੂਰਤੀ ਕਰਦਾ ਹੈ ਜਾਂ ਨਹੀਂ;

(ii) ਪ੍ਰਭਾਵਿਤ ਪਰਿਵਾਰਾਂ ਦੀ ਗਿਣਤੀ ਅਤੇ ਉਹਨਾਂ ਵਿੱਚੋਂ ਵਿਸਥਾਪਿਤ ਹੋਣ ਦੀ ਸੰਭਾਵਨਾ ਵਾਲੇ ਪਰਿਵਾਰਾਂ ਦੀ ਗਿਣਤੀ ਦਾ ਮੁਲਾਂਕਣ ਕਰਨਾ;

(iii) ਪ੍ਰਸਤਾਵਿਤ ਭੂਮੀ ਅਧਿਗ੍ਰਹਿਣ ਕਾਰਨ ਪ੍ਰਭਾਵਿਤ ਹੋਣ ਵਾਲੀ ਸਰਕਾਰੀ ਅਤੇ ਨਿੱਜੀ ਜ਼ਮੀਨ, ਮਕਾਨਾਂ, ਬਸਤੀਆਂ ਅਤੇ ਹੋਰ ਸਾਂਝੀਆਂ ਸੰਪਤੀਆਂ ਦੀ ਹੱਦ ਦਾ ਅਧਿਐਨ ਕਰਨਾ;

(iv) ਇਹ ਮੁਲਾਂਕਣ ਕਰਨਾ ਕਿ ਪ੍ਰਸਤਾਵਿਤ ਪ੍ਰੋਜੈਕਟ ਲਈ ਜਿੰਨੀ ਭੂਮੀ ਅਧਿਗ੍ਰਹਿਣ ਕੀਤੀ ਜਾਣੀ ਹੈ, ਉਹ ਪ੍ਰੋਜੈਕਟ ਲਈ ਲੋੜੀਂਦੀ ਘੱਟੋ-ਘੱਟ (Absolute Bare Minimum) ਭੂਮੀ ਹੈ ;

(v) ਇਹ ਜਾਂਚ ਕਰਨਾ ਕਿ ਕਿਸੇ ਬਦਲਵੇਂ ਸਥਾਨ ਤੇ ਭੂਮੀ ਅਧਿਗ੍ਰਹਿਣ ਕਰਨ ਦੀ ਸੰਭਾਵਨਾ ਤੇ ਵਿਚਾਰ ਕੀਤਾ ਗਿਆ ਸੀ ਅਤੇ ਉਹ ਸੰਭਵ ਨਾ ਹੋਣ ਕਾਰਨ ਰੱਦ ਕੀਤੀ ਗਈ ਹੈ ਜਾਂ ਨਹੀਂ; ਅਤੇ

(vi) ਪ੍ਰੋਜੈਕਟ ਦੇ ਸਮਾਜਿਕ ਪ੍ਰਭਾਵਾਂ, ਉਹਨਾਂ ਦੇ ਨਿਵਾਰਣ ਦੀ ਪ੍ਰਕਿਰਤੀ ਅਤੇ ਲਾਗਤ ਦਾ ਅਧਿਐਨ ਕਰਨਾ ਅਤੇ ਇਹ ਮੁਲਾਂਕਣ ਕਰਨਾ ਕਿ ਇਹਨਾਂ ਲਾਗਤਾਂ ਦਾ ਪ੍ਰੋਜੈਕਟ ਦੀ ਕੁੱਲ ਲਾਗਤ ਅਤੇ ਇਸ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਉੱਤੇ ਕੀ ਪ੍ਰਭਾਵ ਪੈਂਦਾ ਹੈ।

ਇਸ ਲਈ, ਹੁਣ ਉਚਿਤ ਮੁਆਵਜ਼ਾ ਅਤੇ ਭੂਮੀ ਅਧਿਗ੍ਰਹਿਣ, ਪੁਨਰਵਾਸ ਅਤੇ ਪੁਨਰਸਥਾਪਨਾ ਵਿੱਚ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013 (ਕੇਂਦਰੀ ਐਕਟ ਨੰਬਰ 30 ਸਾਲ 2013) ਦੀ ਧਾਰਾ 4 ਦੀ ਉਪ-ਧਾਰਾ (1) ਅਧੀਨ ਪ੍ਰਾਪਤ

ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਅਤੇ ਇਸ ਸਬੰਧੀ ਪ੍ਰਾਪਤ ਹੋਰ ਸਮੂਹ ਸ਼ਕਤੀਆਂ ਦੀ ਵਰਤੋਂ ਕਰਦਿਆਂ, ਪੰਜਾਬ ਦੇ ਰਾਜਪਾਲ ਜੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ ਨੂੰ ਇਹ ਨਿਰਦੇਸ਼ ਦੇਣ ਦੀ ਪ੍ਰਸੰਨਤਾ ਕਰਦੇ ਹਨ ਕਿ ਉਹ ਪਿੰਡ ਢਾਲਾ (181), ਛੀਨਾ ਬਿਧੀ ਚੰਦ (189), ਨੌਸ਼ਹਿਰਾ (177), ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਦੀ ਪੰਚਾਇਤ ਨਾਲ ਸਲਾਹ-ਮਸ਼ਵਰਾ ਕਰਕੇ ਉਕਤ ਪ੍ਰੋਜੈਕਟ ਲਈ ਸਮਾਜਿਕ ਪ੍ਰਭਾਵ ਮੁਲਾਂਕਣ (SIA) ਅਧਿਐਨ ਕਰਨ।

ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ ਇਸ ਨੋਟੀਫਿਕੇਸ਼ਨ ਦੀ ਮਿਤੀ ਤੋਂ ਸ਼ੁਰੂ ਹੋਵੇਗਾ ਅਤੇ ਛੇ ਮਹੀਨਿਆਂ ਦੀ ਮਿਆਦ ਦੇ ਅੰਦਰ ਪੂਰਾ ਕੀਤਾ ਜਾਵੇਗਾ।

ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ ਦੇ ਢੰਗ ਵਿੱਚ ਦਿਲਚਸਪੀ ਰੱਖਣ ਵਾਲਾ ਕੋਈ ਵੀ ਵਿਅਕਤੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ।

ਸਹੀ/-

**ਆਲੋਕ ਸ਼ੇਖਰ, ਆਈ.ਏ.ਐਸ.**

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।

ਗ੍ਰਹਿ ਮਾਮਲੇ ਵਿਭਾਗ।

*3827/9-2026/Pb. Govt. Press, S.A.S. Nagar*